## ਪੈਦਲ ਚੱਲਦਿਆ:

- ਫੁੱਟਪਾਥ ਤੇ ਚੱਲੋ।
- ਜੇ ਫੁੱਟਪਾਥ ਨਾ ਹੋਵੇ ਤਾ ਧੁਰ ਸੱਜੇ ਚੱਲੋ ਤਾਂ ਜੋ ਆਉਂਦਾ ਟ੍ਰੈਫਿਕ ਦੇਖ ਸਕੋ ਅਤੇ ਪਿਛਲੇ ਟ੍ਰੈਫਿਕ ਦੀ ਅਵਾਜ ਸੁਣ ਸਕੋ।
- ਰਾਤ ਨੂੰ ਚਿੱਟੇ ਕੱਪੜੇ ਪਾਓ ਜਾਂ ਕੋਈ ਚਿੱਟੀ ਚੀਜ ਕੋਲ ਹੋਵੇ।
- ਸੜਕ ਨੂੰ ਪਾਰ ਕਰਨ ਵੇਲੇ ਬਣੇ ਰਾਹ ਤੋਂ ਭਾਵ ਸੜਕ ਉਪਰ ਜਾਂ ਨੀਚੇ ਬਣੇ ਰਾਂਹਾਂ ਰਾਹੀ ਜਾਂ ਜੈਬਰਾ ਕਰਾਸਿੰਗ ਹੋਵੇ ਉਹਨਾਂ ਤੋਂ ਪਾਰ ਕਰੋ।
- ਸੜਕ ਨੂੰ ਪਾਰ ਕਰਨ ਵੇਲੇ ਦੋਵਾਂ ਪਾਸੇ ਦੇਖੋ ਜੇ ਟ੍ਰੈਫਿਕ ਨਾਂ ਜਾ ਰਿਹਾ ਹੋਵੇ ਤਾ ਪੱਕੇ ਇਰਾਦੇ ਦੇ ਨਾਂਲ ਸੜਕ ਨੂੰ ਪਾਰ ਕਰੋ।
- ਜਦ ਪੁਲਿਸ ਮੈਨ ਜਾਂ ਸੜਕ ਤੇ ਲੱਗਾ ਸਿਗਨਲ ਪਾਰ ਕਰਨ ਲਈ ਇਸ਼ਾਰਾ ਦੇਵੇ ਤਾਂ ਹੀ ਪਾਰ ਕਰੋ।
- ਸੋਚਾਂ ਵਿੱਚ ਡੁਬੇ ਜਾਂ ਬੇ ਧਿਆਨ ਹੋ ਕੇ ਸੜਕ ਪਾਰ ਨਾਂ ਕਰੋ।
- ਛੋਟੇ ਬੱਚੇ, ਬਜੁਰਗ, ਅੰਗਹੀਣ, ਬਿਮਾਰ, ਨੇਤਰਹੀਣ, ਔਰਤਾਂ ਆਦਿ ਦੀ ਸੜਕ ਪਾਰ ਕਰਨ ਵੇਲੇ ਸਹਾਇਤਾ ਕਰੋ।
- ਖੜੀਆਂ ਗੱਡੀਆਂ ਵਿਚਕਾਰੋਂ ਸੜਕ ਪਾਰ ਨਾ ਕਰੋ।
- kਦੇ ਵੀ ਸੜਕ ਦੌੜ ਕੇ ਪਾਰ ਨਾ ਕਰੋ।